# ਅਜੋਕੇ ਸਮੇਂ ਵਿੱਚ ਸਿੱਖਾਂ ਦੀਆਂ ਸਮਸਿਆਂਵਾਂ ਅਤੇ ਉਨ੍ਹਾਂ ਦੇ ਉਪਾਅ

(ਧਾਰਮਿਕ, ਸਮਾਜਕ, ਰਾਜਨੀਤਕ, ਸਭਿਆਚਾਰਕ, ਸਦਾਚਾਰਕ, ਪਰਿਵਾਰਕ, ਆਰਥਕ)

ਸਾਡੇ ਜਿਆਦਾ ਤਰ ਦੁੱਖਾਂ ਦਾ ਕਾਰਣ ਅਸੀਂ ਆਪ ਹੀ ਹਾਂ। ਅਸੀਂ ਆਪਣੀਆਂ ਮੁਸ਼ਕਲਾਂ ਆਪ ਹੀ ਸਹੇੜਦੇ ਹਾਂ। ਕੋਈ ਦੂਸਰਾ ਦੇਣ ਵਾਸਤੇ ਨਹੀਂ ਆਉਂਦਾ। ਸਾਡੀ ਸੱਭ ਤੋਂ ਵੱਡੀ ਭੁੱਲ ਇਹ ਹੈ ਕਿ ਅਸਾਂ ਪਰਮਾਤਮਾ ਨੂੰ ਭੁਲਾ ਦਿੱਤਾ ਹੈ। ਜਿਸ ਕਰਕੇ ਅਸੀਂ ਆਪਣੇ ਦੁੱਖ ਸਹੇੜ ਲੈਂਦੇ ਹਾਂ। **"ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥"** (੧੩੫) ਹਰੇਕ ਆਪਣੇ ਆਪ ਨੂੰ ਠੀਕ ਸਮਝਦਾ ਹੈ ਅਤੇ ਦੂਸਰਿਆਂ ਨੂੰ ਗਲਤ। ਸੱਚ ਸਮਝਣ ਤੇ ਜਾਨਣ ਦੀ ਕੋਈ ਵਿਰਲਾ ਹੀ ਕੋਸ਼ਿਸ ਕਰਦਾ ਹੈ। ਅਸੀਂ ਗੱਲਾਂ ਤਾਂ ਬਹੁਤ ਚੰਗੀਆਂ ਚੰਗੀਆਂ ਕਰਦੇ ਹਾਂ, ਪਰ ਸਾਡੇ ਕਰਮ ਸਾਡੀਆਂ ਗੱਲਾਂ ਨਾਲ ਮੇਲ ਨਹੀਂ ਖਾਂਦੇ ਹਨ। **"ਗਲੰੀ ਅਸੀ ਚੰਗੀਆ ਆਚਾਰੀ ਬੁਰੀਆਹ ॥"** (੮੫) ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮੁਸ਼ਕਲਾਂ ਗੁਰੂ ਸਾਹਿਬਾਂ ਤੇ ਵੀ ਆਈਆਂ। ਉਨ੍ਹਾਂ ਨੇ ਅਕਾਲ ਪੁਰਖੁ ਦਾ ਓਟ ਆਸਰਾ ਲਿਆ ਤੇ ਹੱਲ ਲੱਭ ਲਿਆ ਤੇ ਸੱਭ ਮੁਸ਼ਕਲਾਂ ਆਸਾਨ ਕਰ ਲਈਆਂ। ਸਾਡੀਆਂ ਸਮਸਿਆਂਵਾਂ ਅਤੇ ਮਸਲੇ ਤਾਂ ਬਹੁਤ ਹਨ। ਆਉ ਕੁਝ ਕੁ ਧਾਰਮਿਕ, ਸਮਾਜਕ, ਰਾਜਨੀਤਕ, ਸਭਿਆਚਾਰਕ, ਸਦਾਚਾਰਕ, ਪਰਿਵਾਰਕ ਅਤੇ ਆਰਥਕ ਸਮਸਿਆਂਵਾਂ ਸਾਂਝੀਆਂ ਕਰੀਏ ਅਤੇ ਉਨ੍ਹਾਂ ਦੇ ਗੁਰਮਤਿ ਅਨੁਸਾਰ ਹੱਲ ਨੂੰ ਵਿਚਾਰੀਏ।

## ਧਾਰਮਿਕ

ਗੁਰੂ ਸਾਹਿਬ ਨੇ ਤਾਂ ਗੁਰਬਾਣੀ ਵਿੱਚ ਸਿਧਾ ਤੇ ਸਪਸ਼ਟ ਰਸਤਾ ਬਾਰ ਬਾਰ ਸਮਝਾਇਆ ਹੈ। ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ ਸੀ ਪਰ ਅਸੀਂ ਸ਼ਕਸੀ ਪੂਜਾ ਦੇ ਮਗਰ ਲਗ ਗਏ। ਨਤੀਜਾ ਇਹ ਹੋਇਆ ਕਿ ਅਸੀਂ ਅਸਲੀ ਧਰਮ ਦਾ ਰਾਹ ਭੁਲ ਗਏ ਹਾਂ। ਜਿਆਦਾ ਤਰ ਅੱਜਕਲ ਅਸੀਂ ਆਪਣੀ ਜਾਂ ਲੋਕਮਤ ਅਨੁਸਾਰ ਬਣਾਏ ਗਏ ਅਸੂਲਾਂ ਨੂੰ ਹੀ ਧਰਮ ਸਮਝ ਕੇ ਚਲ ਰਹੇ ਹਾਂ। ਕੋਈ ਖੋਜਣ ਦੀ ਕੋਸ਼ਿਸ ਨਹੀਂ ਕਰਦਾ ਹੈ। ਆਉ ਅਸੀਂ ਗੁਰਬਾਣੀ ਅਨੁਸਾਰ ਆਪਣੀਆਂ ਧਾਰਮਿਕ ਸਮਸਿਆਂਵਾਂ ਦੇ ਕਾਰਣ ਤੇ ਉਪਾਅ ਸਾਂਝੇ ਕਰੀਏ।

### ਫ਼ਤਹ:

ਅੱਜ ਕੋਈ ਵਿਰਲਾ ਹੀ ਸਿੱਖ ਮਿਲਦਾ ਹੈ ਜੋ ਕਿ ਦੂਸਰੇ ਸਿੱਖ ਨੂੰ ਫ਼ਤਹ ਬੁਲਾਉਣ ਲਈ ਪਹਿਲ ਕਰਦਾ ਹੈ। ਹਰੇਕ ਇਹੀ ਸੋਚਦਾ ਹੈ ਕਿ ਪਹਿਲਾਂ ਦੂਸਰਾ ਫ਼ਤਹ ਬੁਲਾਵੇ। ਕਾਰਣ ਹਉਮੈਂ, ਨਾ ਵਿਸ਼ਵਾਸ, ਆਪਸੀ ਪਿਆਰ ਦੀ ਕਮੀ, ਸਵਾਰਥ ਪੁਣਾ ਆਦਿ। ਫ਼ਤਹ ਬੁਲਾਉਣ ਨਾਲ ਇਨਸਾਨ ਦਾ ਹੰਕਾਰ ਘਟਦਾ ਹੈ। ਜੇ ਕਰ ਪ੍ਰਭੂ ਨਾਲ ਨੇੜਤਾ ਵਧਾਉਣੀ ਹੈ ਤਾਂ ਹੰਕਾਰ ਘਟਾਣਾ ਪਵੇਗਾ ਤੇ ਹੁਕਮੁ ਤੇ ਰਜ਼ਾ ਅਨੁਸਾਰ ਚਲਣਾ ਪਵੇਗਾ। **"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥"** (੧)

### ਅਰਦਾਸ:

ਅਕਾਲ ਤੱਖਤ ਤੋਂ ਪਰਮਾਣਿਤ ਅਰਦਾਸ ਭਾਂਵੇ ਸਿਰਫ ਦੋ ਮਿੰਟ ਦੀ ਹੈ, ਪਰ ਕਈ ਥਾਂਵਾਂ ਤੇ ਵੇਖਣ ਵਿੱਚ ਆਂਉਂਦਾਂ ਹੈ ਕਿ ਅਰਦਾਸ ਤੋਂ ਬਾਅਦ ਮੰਗਾਂ ਦੀ ਗਿਣਤੀ ਬਹੁਤ ਲੰਬੀ ਹੁੰਦੀ ਹੈ। ਇਹ ਸੱਭ ਲਾਲਚ, ਸੁਆਰਥ ਅਤੇ ਨਾਸਮਝੀ ਦੀਆਂ ਨਿਸ਼ਾਨੀਆਂ ਹਨ। ਅਕਾਲ ਪੁਰਖੁ ਤੋਂ ਤੁਹਾਡੀਆਂ ਜਰੂਰਤਾਂ ਭੁਲੀਆਂ ਨਹੀਂ ਹਨ। ਕੋਈ ਵਿਰਲਾ ਹੀ ਹੁੰਦਾਂ ਹੈ ਜੋ ਕਿ ਨਾਮੁ ਦੀ ਜਾਚਨਾ, ਸੇਵਾ ਕਰਨਾ ਦਾ ਮੌਕਾ ਤੇ ਗੁਰੂ ਦੀ ਮੱਤ ਲਈ ਅਰਦਾਸ ਕਰਦਾ ਹੈ। **"ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥"** (੯੫੮) ਨਾਮੁ ਤੋਂ ਬਿਨਾ ਅਸੀਂ ਜੋ ਵੀ ਮੰਗਦੇ ਹਾਂ ਉਹ ਦੁੱਖ ਹੀ ਦਿੰਦਾ ਹੈ। ਜੇਕਰ ਅਸੀਂ ਆਪ ਹੀ ਸਮਸਿਆਂਵਾਂ ਨੂੰ ਸੱਦਾ ਦਿੰਦੇ ਹਾਂ ਤਾਂ ਗੁਰੂ ਸਾਡਾ ਕਿਸ ਤਰ੍ਹਾਂ ਭਲਾ ਕਰ ਸਕਦਾ ਹੈ।

### ਵਹਿਮ:

ਕਈ ਸਿੱਖ ਤਾਂ ਬਹੁਤ ਹੀ ਵਹਿਮੀ ਹੋ ਗਏ ਹਨ। ਪੰਡਤਾਂ ਤੇ ਜੋਤਸ਼ੀਆਂ ਦੇ ਪਿਛੇ ਭੱਜਦੇ ਹਨ। ਸਿੱਖਾਂ ਦੇ ਘਰਾਂ ਵਿੱਚ ਵੀ ਟੇਵੇ ਬਣਾਉਣੇ ਸ਼ੁਰੂ ਹੋ ਗਏ ਹਨ। ਚੰਗੇ ਮਾੜੇ ਦਿਨਾਂ ਦੀ ਗੱਲਾਂ। ਸ਼ਰਾਧਾ ਵਿੱਚ ਵਿਆਹ ਨਹੀਂ ਕਰਨੇ। ਨਿਰਾਤਿਆਂ ਵਿੱਚ ਜ਼ਰੂਰ ਕਰਨੇ। ਕੁਝ ਨੇ ਤਾਂ ਪੰਡਤਾਂ ਤੇ ਜੋਤਸ਼ੀਆਂ ਕੋਲੋ ਵਿਆਹ ਆਦਿ ਦੀ ਤਾਰੀਖ ਵੀ ਕਢਵਾਣੀ ਸ਼ੁਰੂ ਕਰ ਦਿੱਤੀ ਹੈ। ਕਈ ਸ਼ਨੀਵਾਰ ਨੂੰ ਛੋਲੇ ਤੇ ਤੇਲ ਦਾਨ ਕਰਦੇ ਵੀ ਵੇਖੇ ਜਾ ਸਕਦੇ ਹਨ। ਗੁਰੂ ਸਾਹਿਬ ਨੇ ਤਾਂ ਸਾਨੂੰ ਭਰਮਾਂ ਵਿੱਚੋਂ ਬਾਹਰ ਕੱਢਿਆ ਸੀ ਅਸੀਂ ਵਾਪਿਸ ਉਸ ਵਿੱਚ ਫਸ ਰਹੇ ਹਾਂ।

**"ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥"** (੧੩੬)

## ਗੁਰਦੁਆਰਿਆਂ ਦੀ ਹਾਲਤ:

ਲੋਕ ਗੁਰਦੁਆਰੇ ਜਾਂਦੇ ਹਨ ਤਾਂ ਜੋ ਮਨ ਦੀ ਸ਼ਾਂਤੀ ਮਿਲ ਜਾਵੇ। ਜੇਕਰ ਗੁਰਦੁਆਰਿਆਂ ਵਿੱਚ ਹੀ ਮਾਇਆ ਦਾ ਪਸਾਰਾ ਚਲ ਰਿਹਾ ਹੈ ਤਾਂ ਲੋਕੀ ਕਿਥੇ ਜਾਣਗੇ। ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਵੀ ਅੱਜਕਲ ਬੁਰਾ ਹਾਲ ਹੈ। ਇਹ ਇੱਕ ਵੱਡੀ ਮੁਸ਼ਕਲ ਬਣ ਰਹੀ ਹੈ। ਕਾਰਣ ਇਹ ਹੈ ਕਿ ਸਿੱਖਾਂ ਨੇ ਗੁਰੂ ਗਰੰਥ ਸਾਹਿਬ ਨੂੰ ਇਕ ਮੂਰਤੀ ਦੀ ਤਰ੍ਹਾਂ ਪੂਜਣਾ ਸ਼ੁਰੂ ਕਰ ਦਿਤਾ ਹੈ। ਇਸ ਨੂੰ ਸਜਾਣ ਲਈ ਤਰ੍ਹਾਂ ਤਰ੍ਹਾਂ ਦੇ ਰੁਮਾਲਿਆਂ ਤੇ ਜ਼ੋਰ ਹੈ। ਪਾਲਕੀ ਸਜਾਉਣ ਦੀ ਦੌੜ, ਬਿਲਡਿੰਗ ਤੇ ਮਾਰਬਲ ਜਾਂ ਗਰੇਨਾਈਟ, ਕਰੋੜਾਂ ਦਾ ਖਰਚਾ। ਬਿਲਡਿੰਗ ਬਣਾਉਣ ਤੋਂ ਪਹਿਲਾਂ ਸਾਰੇ ਬਹੁਤ ਜ਼ੋਰ ਲਗਾਉਂਦੇ ਹਨ। ਬਿਲਡਿੰਗ ਤਿਆਰ ਹੋਣ ਤੋਂ ਬਾਅਦ ਦੀਵਾਨ ਹਾਲ ਅਕਸਰ ਖਾਲੀ ਰਹਿੰਦਾਂ ਹੈ। ਅੰਮ੍ਰਿਤ ਵੇਲੇ ਤਾਂ ਕੋਈ ਵਿਰਲਾ ਹੀ ਦਿਖਾਈ ਦਿੰਦਾਂ ਹੈ।

## ਅੰਮ੍ਰਿਤ ਵੇਲਾ ਤੇ ਕਿਰਤ:

ਗੁਰੂ ਸਾਹਿਬ ਨੇ ਤਾਂ ਸਿੱਖ ਨੂੰ ਕਿਰਤੀ ਬਣਾਇਆ ਸੀ। ਅੰਮ੍ਰਿਤ ਵੇਲੇ ਤੇ ਸ਼ਾਮ ਦੇ ਦੀਵਾਨ ਹੁੰਦੇ ਸਨ। ਦਿਨ ਸਮੇਂ ਕਿਰਤ ਕਰਨੀ ਅਤੇ ਰਾਤ ਨੂੰ ਆਰਾਮ ਕਰਨਾ। ਰਾਤ ਦੇ ਪਹਿਲੇ ਪਹਿਰ ਦੀ ਬੰਦਗੀ ਮਾਨੋ ਇਕ ਸੋਹਣਾ ਜਿਹਾ ਫੁੱਲ ਹੈ, ਫਲ ਅੰਮ੍ਰਿਤ ਵੇਲੇ ਦੀ ਬੰਦਗੀ ਹੀ ਹੋ ਸਕਦੀ ਹੈ। ਜੋ ਬੰਦੇ ਅੰਮ੍ਰਿਤ ਵੇਲੇ ਜਾਗਦੇ ਹਨ ਉਹ ਪਰਮਾਤਮਾ ਪਾਸੋਂ ਬਖ਼ਸ਼ਸ਼ ਹਾਸਲ ਕਰਦੇ ਹਨ। **"ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥ ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥"** (੧੩੮੩-੧੩੮੪) ਇਸ ਦੇ ਉਲਟ ਸਾਡੇ ਦੀਵਾਨ ਅਕਸਰ ਦਿਨ ਦੇ ਸਮੇਂ ਜਾਂ ਦੇਰ ਰਾਤ ਤੱਕ ਹੁੰਦੇ ਹਨ। ਨਾ ਕਿਰਤ ਦੀ ਪਰਵਾਹ ਤੇ ਨਾ ਹੀ ਰਾਤ ਦੀ ਨੀਂਦ ਦੀ। ਅੰਮ੍ਰਿਤ ਵੇਲਾ ਵੀ ਖੁੰਝ ਗਿਆ, ਰਾਤ ਦੀ ਨੀਂਦ ਵੀ ਖਰਾਬ ਤੇ ਕਿਰਤ ਦਾ ਵੀ ਨੁਕਸਾਨ। ਆਰਥਿਕ ਮੁਸ਼ਕਲਾਂ ਆ ਗਈਆਂ।

## ਗੁਰੂ ਡੰਮ:

ਅੱਜ ਅਸੀਂ ਸ਼ਬਦ ਗੁਰੂ ਨਾਲੋਂ ਟੁਟ ਕੇ ਡੇਰਿਆਂ ਤੇ ਮਹੰਤਾਂ ਨਾਲ ਜੁੜ ਰਹੇ ਹਾਂ। ਗੁਰੂ ਤੇ ਭਰੋਸਾ ਨਹੀਂ ਇਸੇ ਲਈ ਸੱਚੀ ਬਾਣੀ ਛੱਡ ਕੇ ਕੱਚੀ ਬਾਣੀ ਪੜ੍ਹਨ ਵਾਲਿਆਂ ਦੀਆਂ ਟੋਕਰੀਆਂ ਨੋਟਾਂ ਨਾਲ ਭਰਦੇ ਹਾਂ। ਜੇ ਕਰ ਸਮਸਿਆਂਵਾਂ ਦਾ ਹੱਲ ਚਾਹੁੰਦੇ ਹਾਂ ਤਾਂ ਸੱਚੀ ਬਾਣੀ ਨਾਲ ਸਬੰਧ ਜੋੜਨਾ ਪਵੇਗਾ। **"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥"** (੯੨੦) ਗੁਰੂ ਹਰਿਰਾਏ ਸਾਹਿਬ ਨੇ ਬਾਣੀ ਬਦਲਨ ਕਰਕੇ ਤਾਂ ਆਪਣੇ ਪੁੱਤਰ ਨੂੰ ਤਿਆਗ ਦਿੱਤਾ ਸੀ। ਪਰੰਤੂ ਅਸੀਂ ਬਾਣੀ ਵਿੱਚ ਤੋੜ ਮਰੋੜ ਕਰਨੀ ਤਾਂ ਆਪਣੀ ਸ਼ਾਨ ਸਮਝਦੇ ਹਾਂ। ਕੀਰਤਨ ਕਰਦੇ ਸਮੇਂ ਕਈ ਸ਼ਬਦਾਂ ਵਿੱਚ ਆਪਣੇ ਆਪ ਹੀ "**ਵਾਹਿਗੁਰੂ**" ਜਾਂ "**ਜੀ**" ਲਗਾ ਲੈਂਦੇ ਹਨ। ਉਹ ਸ਼ਾਇਦ ਇਹ ਦੱਸਣਾ ਚਾਹੁੰਦੇ ਹਨ ਕਿ ਗੁਰੂ ਸਾਹਿਬ ਨੂੰ ਨਾਮੁ ਜਪਣਾ ਨਹੀਂ ਸੀ ਆਂਉਂਦਾ, ਜਾਂ ਸਮਝ ਨਹੀਂ ਸੀ ਕਿ ਇਜ਼ਤ ਦੇਣ ਲਈ ਕਿਥੇ "**ਜੀ**" ਵਰਤਣਾ ਹੈ। ਬਿਹਤਰ ਇਹੀ ਹੈ ਕਿ ਗੁਰੂ ਸਾਹਿਬ ਨੂੰ ਅਕਲ ਦੇਣ ਦੀ ਬਜਾਏ ਅਸੀਂ ਆਪ ਅਕਲ ਲੈਂਣੀ ਸ਼ੁਰੂ ਕਰ ਦਈਏ।

## ਗੁਰੂ ਸਾਹਿਬ ਨੇ ਇਕ ਸ਼ਬਦੀ ਪ੍ਰਵਾਨ ਨਹੀਂ ਕੀਤਾ:

ਫ਼ਤਹ ਬਲਾਉਣ ਸਮੇਂ "**ਵਾਹਿਗੁਰੂ**" ਸ਼ਬਦ ਦੋ ਵਾਰੀ ਦੁਹਰਾਇਆ ਜਾਂਦਾ ਹੈ। ਪਰ ਕੋਈ ਕਹਿਣ ਨੂੰ ਤਿਆਰ ਨਹੀਂ। ਸਿਰਫ "**ਸਤਿ ਸ੍ਰੀ ਅਕਾਲ**" ਕਹਿ ਕੇ ਛੁਟਕਾਰਾ ਪਾਉਣਾਂ ਚਾਹੁੰਦੇ ਹਾਂ। ਫ਼ਤਹ ਬਲਾਉਣ ਲਈ ਗੁਰੂ ਸਾਹਿਬ ਨੇ ਹਦਾਇਤ ਦਿਤੀ ਹੈ। ਪਰ ਅਸੀਂ ਮੰਨਣ ਲਈ ਤਿਆਰ ਨਹੀਂ। ਇਸ ਦੇ ਉਲਟ, ਕਿਸੇ ਨੂੰ ਵੀ ਬਾਣੀ ਵਿੱਚ ਬਦਲਾਵ ਕਰਨ ਦੀ ਇਜਾਜਤ ਨਹੀਂ ਹੈ। ਅਸੀਂ ਆਪ ਹੀ ਬਾਣੀ ਵਿੱਚ ਮਿਲਾਵਟ ਕਰ ਰਹੇ ਹਾਂ। ਗੁਰੂ ਸਾਹਿਬ ਦੇ ਹੁੱਕਮ ਵਿਰੁਧ ਕੰਮ ਕਰ ਰਹੇ ਹਾਂ। ਅਸੀਂ ਗੁਰਸ਼ਬਦੀ ਦੀ ਥਾਂ ਇਕ ਸ਼ਬਦੀ ਬਣ ਰਹੇ ਹਾਂ, ਜਿਸ ਨੂੰ ਗੁਰੂ ਸਾਹਿਬ ਨੇ ਪ੍ਰਵਾਨ ਨਹੀਂ ਕੀਤਾ। ਇਕੋ ਅੱਖਰ ਨੂੰ ਬਾਰ ਬਾਰ ਦੁਹਰਾਉਣ ਪਰਵਾਨ ਨਹੀਂ ਹੈ। ਭਾਵੇਂ ਵਾਹਿਗੁਰੂ ਅੱਖਰ ਹੀ ਕਿਉਂ ਨਾ ਹੋਵੇ। ਅਕਾਲ ਪੁਰਖੁ ਅੱਖਰਾਂ ਦੇ ਅਧੀਨ ਨਹੀਂ ਹੈ। **"ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥"** (੬੫੪-੬੫੫) ਬਾਰ ਬਾਰ ਇਕ ਅੱਖਰ ਨੂੰ ਕਹੀ ਜਾਣਾ ਜੋਗ ਮੱਤ ਹੈ। ਗੁਰਮਤਿ ਨਹੀਂ। ਨਾਮ (ਨਾਂਵ) ਅਤੇ ਗੁਰੂ ਗਰੰਥ ਵਿੱਚ ਵਰਤੇ ਗਏ ਨਾਮੁ ਵਿੱਚ ਬਹੁਤ ਅੰਤਰ ਹੈ। ਬਾਣੀ ਵਿੱਚ ਵਰਤੇ ਗਏ ਨਾਮੁ ਵਿੱਚ ਅਨੇਕਤਾ ਵੀ ਹੈ। **"ਅਮਾਨ ਹੈਂ ॥ ਨਿਧਾਨ ਹੈਂ ॥ ਅਨੇਕ ਹੈਂ ॥ ਫਿਰ ਏਕ ਹੈਂ ॥"** (ਜਾਪੁ ਸਾਹਿਬ)

ਮੂਲਮੰਤਰ ਵਿੱਚ ਅਕਾਲ ਪੁਰਖ ਦਾ ਕੋਈ ਵਿਅਕਤੀਗਤ ਨਾਂਵ ਨਹੀਂ ਹੈ। ਜਾਪ ਸਾਹਿਬ ਵਿੱਚ ੭੦੦ ਤੋਂ ਵੱਧ ਕਰਮਵਾਚਕ ਨਾਂਵ ਹਨ। ਅਕਾਲ ਪੁਰਖ ਅੱਖਰਾਂ ਦੇ ਅਧੀਨ ਨਹੀਂ ਹੈ। ਅਸੀਂ ਉਸ ਨੂੰ ਆਪਣੀ ਮੱਤ ਅਨੁਸਾਰ ਅੱਖਰਾਂ ਵਿੱਚ ਲਪੇਟ ਰਹੇ ਹਾਂ। ਗੁਰੂ ਸਾਹਿਬ ਨੇ ਮੂੰਹ ਨਾਲ ਬੋਲਣ ਲਈ ਨਹੀਂ ਕਿਹਾ, ਹਿਰਦੇ ਵਿੱਚ ਵਸਾਉਣ ਲਈ ਕਿਹਾ ਹੈ। **"ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥"** (੭੬੦)

ਸੱਚੀ ਬਾਣੀ ਗਾਇਨ ਕਰਨ ਤੋਂ ਬਿਨਾ **"ਹਿਰਦੈ ਤਿਨਾ ਸਮਾਣੀ ॥"** (੯੨੦) ਕਿਸ ਤਰ੍ਹਾਂ ਹੋ ਸਕਦੀ ਹੈ। ਅਕਾਲ ਪੁਰਖ

ਨੂੰ ਮਨ ਵਿੱਚ ਵਸਾਉਣਾਂ ਹੈ। ਗੁਰੂ ਦੇ ਬਚਨ ਮੰਨਣੇ ਹਨ। ਗੁਰਬਾਣੀ ਅਨੁਸਾਰ ਕਰਮ ਕਰਨੇ ਹਨ। ਤਾਂ ਹੀ ਸੁਖ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਪਿਆਰੇ ਵੀਰੋ ਤੇ ਭੈਣੋਂ ਜੇ ਕਰ ਅਸੀਂ ਸਮਸਿਆਂਵਾਂ ਦਾ ਹੱਲ ਚਾਹੁੰਦੇ ਹਾਂ ਤਾਂ ਸਾਨੂੰ ਸੱਚੀ ਬਾਣੀ ਗਾਇਨ ਕਰਨੀ ਪਵੇਗੀ, ਸੱਚੀ ਬਾਣੀ ਨਾਲ ਸਬੰਧ ਜੋੜਨਾ ਪਵੇਗਾ।

## ਸਮਾਜਕ

### ਸਬਰ ਦੀ ਕਮੀ:

ਸਾਡੇ ਅੰਦਰ ਸਬਰ ਦੀ ਕਮੀ ਹੈ। ਇਸ ਦਾ ਸਿਧਾ ਸਬੰਧ ਤ੍ਰਿਸ਼ਨਾ ਨਾਲ ਵੀ ਹੈ। ਭਾਵੇਂ ਇਹ ਆਦਤ ਤਰੱਕੀ ਵੱਲ ਲੈ ਕੇ ਜਾਂਦੀ ਹੈ ਪਰ ਨਾਲ ਹੀ ਆਪਸੀ ਝਗੜਿਆਂ, ਮਾਨਸਿਕ ਅਸ਼ਾਂਤੀ, ਖਿਝਣਾ, ਬਲੱਡ ਪਰੈਸ਼ਰ ਵਰਗੀਆਂ ਬਿਮਾਰੀਆਂ ਦਾ ਕਾਰਣ ਵੀ ਬਣਦੀ ਹੈ। **"ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥"** (੧੩੮੪)

### ਆਲਸ ਤੇ ਨਸ਼ੇ:

ਅੱਜਕਲ ਸਿੱਖਾਂ ਵਿੱਚ ਆਲਸ ਪੁਣਾ ਤੇ ਢਹਿੰਦੀ ਕਲਾ ਵਧ ਰਹੀ ਹੈ। ਕੋਈ ਵਿਰਲਾ ਹੀ ਰੋਜ਼ਾਨਾ ਸਰੀਰਕ ਕਸਰਤ ਕਰਦਾ ਹੈ। ਕਿਸਾਨ ਅਤੇ ਉਨ੍ਹਾਂ ਦੇ ਬੱਚੇ ਕਾਰਾਂ ਮੋਟਰਸਾਈਕਲਾਂ ਤੇ ਘੁੰਮਦੇ ਹਨ। ਉਨ੍ਹਾਂ ਨੇ ਬਿਹਾਰੀ ਨੌਕਰਾਂ ਤੇ ਨਿਰਭਰ ਕਰਨਾ ਸ਼ੁਰੂ ਕਰ ਦਿਤਾ ਹੈ। ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਸਿੱਖਾਂ ਦੀ ਸਿਹਤ ਕਮਜੋਰ ਹੋਣੀ ਸ਼ੁਰੂ ਹੋ ਗਈ ਹੈ। ਨਸ਼ਿਆਂ ਤੇ ਬੀਮਾਰੀਆਂ ਨੇ ਘੇਰ ਲਿਆ ਹੈ। ਅੱਜਕਲ ਸਿੱਖਾਂ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਬੀਮਾਰੀਆਂ ਵਧ ਰਹੀਆਂ ਹਨ। ਬੀ. ਪੀ., ਦਿਲ ਦਾ ਦੌਰਾ, ਮੋਟਾਪਾ, ਸ਼ੂਗਰ, ਆਦਿ ਤਾਂ ਆਮ ਹੋ ਗਏ ਹਨ। ਗੁਰੂ ਸਾਹਿਬ ਨੇ ਤਾਂ ਸਿੱਖ ਨੂੰ ਕਿਰਤ ਕਰਨ ਲਈ ਪ੍ਰੇਰਿਆ ਸੀ, ਉਦਮੀ ਬਣਾਇਆ ਸੀ। ਪਰ ਸਿੱਖ ਆਲਸੀ ਹੋ ਗਏ ਹਨ। **"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥"** (੫੨੨)

### ਸਿੱਖਾਂ ਦਾ ਮਖੌਲ ਉਡਾਉਂਣਾਂ:

ਹਰ ਕੋਈ ਦੂਸਰੇ ਦੀ ਤਰੱਕੀ ਤੇ ਖ਼ੁਸ਼ਹਾਲੀ ਤੇ ਚਿੜਦਾ ਹੈ। ਸਿੱਖਾਂ ਨੇ ਤਰੱਕੀ ਕੀਤੀ ਇਸੇ ਲਈ ਈਰਖਾ ਕਰਕੇ ਲੋਕੀ ਸਿੱਖਾਂ ਦਾ ਮਖੌਲ ਉਡਾਉਂਦੇ ਹਨ। ਦੂਸਰੀਆਂ ਕੌਮਾਂ ਦੇ ਲੋਕ ਸਿੱਖਾਂ ਉੱਪਰ ਚੁਟਕਲੇ ਤੇ ਜੋਕ ਬਣਾਉਂਦੇ ਹਨ। ਸਿੱਖ ਅਕਸਰ ਸਹਿਣ ਕਰਦੇ ਰਹਿੰਦੇ ਹਨ। ਵੇਖਣ ਵਿੱਚ ਆਂਉਂਦਾ ਹੈ ਕਿ ਕੁਝ ਤਾਂ ਆਪ ਹੀ ਨਾਲ ਮਿਲ ਕੇ ਜੋਕ ਸੁਣਾਂਉਂਦੇ ਹਨ। ਇਹ ਕਮਜੋਰੀ ਦੀ ਨਿਸ਼ਾਨੀ ਹੈ। ਆਪਣੀ ਇੱਜ਼ਤ ਆਪਣੇ ਹੱਥ ਵਿੱਚ ਹੁੰਦੀ ਹੈ। ਬਿਹਤਰ ਇਹੀ ਹੈ ਕਿ ਸਥਿੱਤੀ ਅਨੁਸਾਰ ਢੁਕਵਾ ਜਵਾਬ ਦੇ ਦਿਤਾ ਜਾਵੇ ਤਾਂ ਜੋ ਦੂਸਰਾ ਸੋਚ ਕੇ ਕਦਮ ਪੁਟੇ।

### ਜਾਤ ਪਾਤ:

ਗੁਰੂ ਸਾਹਿਬਾਂ ਨੇ ਜਾਤ ਪਾਤ ਨੂੰ ਖਤਮ ਕੀਤਾ ਸੀ। ਅਸੀਂ ਆਪਸੀ ਹੱਦਾਂ ਆਪ ਬਣਾ ਲਈਆਂ ਹਨ। ਉਚ ਨੀਚ ਤੇ ਜਾਤ ਪਾਤ ਦੇ ਭੇਦ ਭਾਵ ਗੁਰਦੁਆਰਿਆਂ ਵਿੱਚ ਵੀ ਵੜ ਗਏ ਹਨ। ਇਹ ਸਿੱਖਾਂ ਲਈ ਇੱਕ ਬਹੁਤ ਵੱਡੀ ਸਮਸਿਆਂ ਹੈ। ਜਿਸ ਦੇ ਫੌਰੀ ਹੱਲ ਦੀ ਲੋੜ ਹੈ। ਜਾਤ ਪਾਤ ਇਸ ਲਈ ਹੈ ਕਿ ਮਨ ਵਿਚ ਹਉਮੈ ਹੈ। ਹਉਮੈ ਵਾਲੇ ਅਕਸਰ ਡਿੱਗਦੇ ਹਨ। ਪਰ ਸੁਚੇਤ ਨਹੀਂ ਹੁੰਦੇ ਹਨ। ਇਸ ਦਾ ਇਲਾਜ ਸਿਰਫ ਗੁਰੂ ਦੀ ਬਾਣੀ ਹੀ ਹੈ। **"ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥"** (੧੧੨੭-੧੧੨੮)

### ਇਸਤਰੀਆਂ ਨੂੰ ਨੀਵਾਂ ਗਿਣਨਾਂ:

ਬੰਦੇ ਦੀ ਪਛਾਣ ਬੰਦੇ ਵਿਚ ਹੈ। ਬਾਣੀ ਵਿਚ ਲਿੰਗ ਤੇ ਜੋਰ ਨਹੀਂ ਹੈ। ਇਤਿਹਾਸ ਨੇ ਸਿੰਘ ਸਿੰਘੀਆਂ ਬਣਾ ਦਿਤਾ। ਗੁਰਬਾਣੀ ਇਸ ਨੂੰ ਪਰਵਾਨ ਨਹੀਂ ਕਰਦੀ ਹੈ। **"ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥"** (੫੯੨-੫੯੩) ਗੁਰੂ ਮਹਾਰਾਜ ਨੇ **ਏਕਾ ਨਾਰੀ ਦੀ ਸਿਖਿਆ ਦਿੱਤੀ ਹੈ।** ਤੱਨ ਉਪਰ ਘੱਟ ਕੱਪੜੇ ਪਹਿਨ ਕੇ ਆਪਣੀ ਪ੍ਰਦਰਸ਼ਨੀ ਕਰਨੀ, ਨਾ ਤਾਂ ਗੁਰੂ ਘਰ ਵਿਚ ਸ਼ੋਭਾ ਦਿੰਦਾਂ ਹੈ, ਅਤੇ ਨਾ ਹੀ ਬਾਹਰ। **ਭੈਣਾਂ ਲਈ ਸਲਵਾਰ ਕਮੀਜ਼ ਅਤੇ ਚੁੰਨੀ ਹੀ ਸੱਭ ਤੋਂ ਉਤਮ ਹੈ।** ਹੁਣ ਤਾਂ ਬਾਹਰਲੀਆਂ ਕੌਮਾਂ ਵਾਲੀਆਂ ਇਸਤ੍ਰੀਆਂ ਨੇ ਵੀ ਸਲਵਾਰ ਕਮੀਜ਼ ਅਤੇ ਚੁੰਨੀ ਲੈਣੀ ਸ਼ੁਰੂ ਕਰ ਦਿੱਤੀ ਹੈ। ਪਰੰਤੂ ਜੇਕਰ ਪੰਜਾਬੀ ਅਤੇ ਸਿੱਖ ਬੱਚੀਆਂ ਜਾਂ ਮਾਵਾਂ ਨਾ ਪਹਿਨਣ ਤਾਂ ਕਿਤਨਾਂ ਅਜੀਬ ਲਗਦਾ ਹੈ। ਬਿਹਤਰ ਇਹੀ ਹੈ ਕਿ ਆਪਣੀ ਇਜ਼ਤ ਆਪ ਹੀ ਸੰਭਾਲੀ ਜਾਵੇ।

## ਰਾਜਨੀਤਕ

ਕਿਸੇ ਵੀ ਕੌਮ ਦੇਸ਼ ਜਾਂ ਸੰਸਥਾ ਨੂੰ ਤੋੜਨ ਲਈ ਹੇਠ ਲਿਖੀਆਂ ਚਾਲਾਂ ਵਰਤੀਆਂ ਜਾਂਦੀਆਂ ਹਨ।

**ਸਾਮ** (ਡਿਪਲੋਮੇਸੀ, ਰਾਜਨੀਤਕ ਚਾਲ, ਅੰਦਰ ਵੜ ਕੇ ਖਰਾਬੀ ਕਰਨੀ), **ਦਾਮ** (ਖਰੀਦਣਾਂ, ਲਾਲਚ), **ਦੰਡ** (ਸਜਾ, ਕਤਲ, ਕਿਸੇ ਕੇਸ ਵਿਚ ਫਸਾਉਣਾਂ) ਅਤੇ **ਭੇਦ** (ਆਪਸੀ ਫੁਟ, ਜਾਤ ਪਾਤ)

All the organizations like I.S.I., C.I.A., F.B.I., K.B.K, R.A.W. follow this policy.

ਡੇਰੇ ਵਾਲੇ ਜਿਹੜੇ ਆਪਣੇ ਆਪ ਨੂੰ ਸੰਤ ਕਹਿਲਾਉਂਦੇ ਹਨ, ਉਹ ਪਹਿਲਾਂ ਸ਼ਬਦ ਗੁਰੂ ਦੀਆਂ ਗੱਲਾਂ ਕਰਦੇ ਹਨ। ਫਿਰ ਹੌਲੀ ਹੌਲੀ ਆਪਣੀਆਂ ਅਤੇ ਆਪਣੇ ਡੇਰੇ ਦੀਆਂ ਕਰਾਮਤੀ ਗੱਲਾਂ ਜਾਂ ਰਵਾਇਤਾਂ ਨੂੰ ਨਾਟਕੀ ਢੰਗ ਨਾਲ ਪੇਸ਼ ਕਰਦੇ ਹਨ। ਲੋਕਾਂ ਨੂੰ ਆਪਣੇ ਆਪ ਅਤੇ ਆਪਣੀਆਂ ਡੇਰਿਆਂ ਨਾਲ ਜੋੜਦੇ ਹਨ। ਆਪਣੇ ਏਜੰਟਾਂ ਰਾਹੀਂ ਪ੍ਰਭਾਵ ਪਾ ਕੇ ਪੱਕੇ ਚੇਲੇ ਬਣਾਂ ਲੈਂਦੇ ਹਨ। ਫਿਰ ਹੌਲੀ ਹੌਲੀ ਸ਼ਬਦ ਗੁਰੂ ਤੋਂ ਦੂਰ ਅਤੇ ਆਪਣੇ ਨੇੜੇ ਲੈ ਆਉਂਦੇ ਹਨ। ਇਸ ਤੋਂ ਬਾਅਦ ਬਾਬਾ ਪਿਆਰਾ ਸਿੰਘ ਭਨਿਆਰੇ ਵਾਲੇ ਦੇ ਚੇਲਿਆਂ ਰਾਹੀਂ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਕਰਨੀ ਕੋਈ ਅਨੋਖੀ ਗੱਲ ਨਹੀਂ ਰਹਿ ਜਾਂਦੀ ਹੈ। ਨਿਰੰਕਾਰੀ, ਰਾਧਾ ਸੁਆਮੀ, ਦੋਧਰੇ ਵਾਲੇ, ਭਨਿਆਰੇ ਵਾਲੇ ਅਤੇ ਕਈ ਤਰ੍ਹਾਂ ਦੇ ਡੇਰੇ ਆਪਣੇ ਆਪ ਨੂੰ ਗੁਰੂ ਗਰੰਥ ਸਾਹਿਬ ਜੀ ਦੇ ਉੱਪਰ ਪੇਸ਼ ਕਰਣ ਵਿੱਚ ਲੱਗੇ ਹੋਏ ਹਨ। ਬਾਅਦ ਵਿੱਚ ਉਹ ਆਪਣਾ ਗਰੰਥ, ਗੁਰੂ ਗਰੰਥ ਸਾਹਿਬ ਜੀ ਦੇ ਤੁਲ ਬਨਾਉਣ ਵਿੱਚ ਲੱਗ ਜਾਂਦੇ ਹਨ।

## ਸਿੱਖਾਂ ਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਸਬੰਧੀ ਲੰਬੀ ਯੋਜਨਾ ਦੀ ਘਾਟ:

ਮੁਸ਼ਕਲਾਂ ਹਰ ਗੁਰੂ ਸਾਹਿਬਾਨਾਂ ਨੂੰ ਆਈਆਂ। ਪਰੰਤੂ ਉਨ੍ਹਾਂ ਨੇ ਉਸ ਦਾ ਹੱਲ ਵੀ ਲੱਭਿਆ। ਗੁਰੂ ਨਾਨਕ ਸਾਹਿਬ ਜੀ, ਗੁਰੂ ਅੰਗਦ ਸਾਹਿਬ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਸਾਹਿਬ ਜੀ, ਸਾਰਿਆਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਨਾ ਪਿਆ।

ਮਿਸਲਾ ਬਣੀਆਂ ਤੇ ਆਪਸੀ ਜੰਗਾਂ ਸ਼ੁਰੂ ਹੋ ਗਈਆਂ। ਵੰਡੀਆਂ ਆਰੰਭ ਹੋ ਗਈਆਂ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ। ਰਣਜੀਤ ਸਿੰਘ ਆਪਣੇ ਬਾਅਦ ਰਾਜ, ਖ਼ਾਲਸੇ ਨੂੰ ਸੌਪਣ ਦੀ ਬਜਾਏ, ਪੁੱਤਰਾਂ ਨੂੰ ਦੇਣ ਦੇ ਮਸਲੇ ਵਿੱਚ ਉਲਝਿਆ ਰਿਹਾ। ਅੰਗਰੇਜ਼ਾ ਨੇ ਆਪਣੀਆਂ ਚਲਾਕ ਨੀਤੀਆਂ ਨਾਲ ਸਿੱਖਾਂ ਨੂੰ ਧਰਮ ਤੇ ਸਮਾਜ ਤੋਂ ਖੋਖਲੇ ਕਰ ਦਿੱਤਾ। ਸਿੱਖਾਂ ਨੇ ਮੁਜਾਹਰੇ ਕੀਤੇ, ਕੁਰਬਾਨੀਆਂ ਦਿੱਤੀਆਂ, ਸ਼ਹੀਦੀਆਂ ਹੋਈਆਂ, ਪਰ ਇਸ ਸਬੰਧੀ ਕੋਈ ਵੀ ਲੰਬੀ ਯੋਜਨਾ ਨਹੀਂ ਸੀ।

ਇਸ ਦੇ ਉਲਟ ਗੁਰੂ ਨਾਨਕ ਸਾਹਿਬ ਨੇ ਸਿੱਖੀ ਲਈ ਦੂਰ ਅੰਦੇਸ਼ੀ ਦੀ ਯੋਜਨਾ ਬਣਾਈ ਅਤੇ ਉਸ ਨੂੰ ਕਰ ਕੇ ਵਿਖਾਇਆ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਹਰੇਕ ਕਾਰਜ ਤੇ ਹਰੇਕ ਯੁੱਧ ਪੂਰੀ ਯੋਜਨਾ ਨਾਲ ਕੀਤਾ ਤੇ ਕਰ ਕੇ ਵਿਖਾਇਆ। ਅਨੰਦਪੁਰ ਸਹਿਬ ਦਾ ਘੇਰਾ ਕਈ ਮਹੀਨੇ ਤੱਕ ਰਿਹਾ ਪਰ ਦੁਸ਼ਮਣ ਕੁਝ ਵੀ ਨਾ ਕਰ ਸਕਿਆ। **ਚਮਕੌਰ ਦੀ ਕੱਚੀ ਗੜ੍ਹੀ ਵਿੱਚ ਪੂਰੇ ਦਿਨ ਲਈ ਹਜ਼ਾਰਾਂ ਦੀ ਫੌਜ਼ ਨੂੰ ਸਿਰਫ ੪੫ ਸਿੰਘਾਂ ਨੇ ਰੋਕੀ ਰੱਖਣਾਂ, ਦੁਨੀਆਂ ਵਿੱਚ ਯੁੱਧ ਦੀ ਨੀਤੀ ਦੀ ਇੱਕ ਨਿਵੇਕਲੀ ਮਿਸਾਲ ਹੈ।** ਇਸ ਦੀ ਉਦਾਹਰਨ ਅੱਜ ਵੀ ਦੁਨੀਆਂ ਦੀਆਂ ਚੰਗੀਆਂ ਫੌਜ਼ਾਂ ਦੀ ਸਿਖਲਾਈ ਵਿੱਚ ਦਿੱਤੀ ਜਾਂਦੀ ਹੈ।

## ਗਲਤ ਚੋਣ ਪਰਨਾਲੀ:

ਅੱਜ ਸਿੱਖ ਮੁਜਾਹਰੇ ਕਰਦੇ ਹਨ ਪਰੰਤੂ ਉਨ੍ਹਾਂ ਵਿਚੋ ਕਿਸੇ ਵਿਰਲੇ ਨੂੰ ਹੀ ਪਤਾ ਹੁੰਦਾਂ ਹੈ ਕਿ ਇਹ ਕਿਸ ਲਈ ਕੀਤੇ ਜਾ ਰਹੇ ਹਨ। ਇਸ ਦਾ ਭਵਿੱਖ ਵਿੱਚ ਕੀ ਅਸਰ ਹੋਵੇਗਾ। ਲੀਡਰਾਂ ਦੀ ਕੋਈ ਦੂਰ ਅੰਦੇਸ਼ੀ ਨਹੀਂ ਹੁੰਦੀ ਹੈ। ਸਿੱਖਾਂ ਦੀ ਢਹਿੰਦੀ ਕਲਾ ਦਾ ਕਾਰਣ ਨੇਤਾਵਾਂ ਦੀ ਗਲਤ ਚੋਣ ਹੈ। ਲੋਕਮਤ ਦੀ ਚੋਣ ਪਰਣਾਲੀ ਗਲਤ ਹੈ। ਚੋਣਾਂ ਵਿੱਚ ਹਰ ਕੋਈ ਕਹਿੰਦਾ ਹੈ ਕਿ ਮੈਂ ਚੰਗਾ ਹਾਂ ਤੇ ਦੂਸਰਾ ਬੁਰਾ ਹੈ। ਪਰ ਸਿੱਖੀ ਦਾ ਨਿਯਮ ਇਸ ਦੇ ਉਲਟ ਹੈ। **"ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥"** (੭੨੮) ਕਹਿਣਾ ਇਹ ਚਾਹੀਦਾ ਹੈ ਕਿ ਮੈਂ ਇਹ ਹਾਂ ਤੇ ਇਹ ਕੁਝ ਕਰਨ ਦਾ ਉਪਰਾਲਾ ਕਰਾਂਗਾ। ਬਾਕੀ ਅਕਾਲ ਪੁਰਖੁ ਉੱਪਰ ਛਡਣਾ ਚਾਹੀਦਾ ਹੈ।

## ਪੰਜ ਪਿਆਰਿਆਂ ਦਾ ਸਿਸਟਮ:

ਗੁਰੂ ਸਾਹਿਬ ਨੇ ਨਾ ਤਾਂ ਲੋਕ ਰਾਜ ਪਰਵਾਨ ਕੀਤਾ ਤੇ ਨਾ ਹੀ ਡਿਕਟੇਟਰਸ਼ਿਪ। ਉਨ੍ਹਾਂ ਨੇ ਯੋਗਤਾ ਨੂੰ ਪਹਿਲ ਦਿਤੀ। ਜੇ ਕਰ ਲੋਕਮਤ ਹੁੰਦਾ ਤਾਂ ਭਾਈ ਲਹਿਣਾਂ ਦੀ ਥਾਂ ਬਾਬਾ ਬੁਢਾ ਜੀ ਗੁਰੂ ਬਣਦੇ ਜੋ ਬਚਪਨ ਤੋਂ ਗੁਰੂ ਨਾਨਕ ਸਾਹਿਬ ਦੇ ਨਾਲ ਸਨ। ਜੇ ਕਰ ਡਿਕਟੇਟਰਸ਼ਿਪ ਹੁੰਦੀ ਤਾਂ ਭਾਈ ਲਹਿਣਾਂ ਦੀ ਥਾਂ ਉਨ੍ਹਾਂ ਦੇ ਪੁੱਤਰ ਬਾਬਾ ਸ਼੍ਰੀ ਚੰਦ ਜੀ ਗੁਰੂ ਬਣਦੇ। ਗੁਰੂ ਨਾਨਕ ਸਾਹਿਬ ਨੇ ਦੋਵੇਂ ਹੀ ਪਰਵਾਨ ਨਾ ਕੀਤੇ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਗੁਰੂ ਗਰੰਥ ਸਾਹਿਬ ਜੀ ਨੂੰ ਦੇਣ ਦੇ ਨਾਲ ਨਾਲ ਪੰਜ ਪਿਆਰਿਆਂ ਦਾ ਸਿਸਟਮ ਵੀ ਆਰੰਭ ਕਰ ਦਿਤਾ। ਇਸ ਲਈ ਜੇਕਰ ਅਸੀਂ ਆਪਣਾ ਭਲਾ ਚਾਹੁੰਦੇ ਹਾਂ ਤਾਂ ਸਾਨੂੰ ਚੋਣ ਪਰਨਾਲੀ ਬਦਲਣੀ ਪਵੇਗੀ ਤੇ ਪੰਜ ਪਿਆਰਿਆਂ ਦਾ ਸਿਸਟਮ ਅਪਨਾਉਣਾਂ ਪਵੇਗਾ। ਆਧਾਰ ਸਿਰਫ ਲਿਆਕਤ ਤੇ ਸੇਵਾ ਭਾਵ ਹੋਵੇ। ਗੁਰਦੁਆਰੇ ਇੱਕ ਸਟੇਟ ਵਿੱਚ

ਸਟੇਟ ਹਨ। ਸਾਨੂੰ ਗੁਰਦੁਆਰਿਆਂ ਦਾ ਸਵਿਧਾਨ ਗੁਰੂ ਗਰੰਥ ਸਾਹਿਬ ਅਨੁਸਾਰ ਬਣਾਉਂਣਾਂ ਪਵੇਗਾ।

# ਸਭਿਆਚਾਰਕ

## ਵਿਖਾਵਾ:

ਅੰਦਰੋ ਤਾਂ ਭਾਵੇਂ ਅਸੀਂ ਖੋਖਲੇ ਹੋਈਏ ਪ੍ਰੰਤੂ ਬਾਹਰੀ ਵਿਖਾਵੇ ਤੇ ਬਹੁਤ ਜੋਰ ਦਿੰਦੇ ਹਾਂ। ਵਿਆਹ ਤੇ ਖਰਚੇ, ਘਰ ਵਿੱਚ ਸਜਾਵਟ, ਕੋਈ ਵੀ ਮਾਰਕੀਟ ਵਿੱਚ ਨਵੀਂ ਚੀਜ਼ ਆਵੇ ਉਹ ਦੂਸਰਿਆਂ ਨੂੰ ਵਿਖਾਉਣ ਲਈ ਪਹਿਲਾਂ ਲੈਣੀ, ਔਰਤਾਂ ਦਾ ਸਜਾਵਟ ਤੇ ਜੋਰ, ਤਰ੍ਹਾਂ ਤਰ੍ਹਾਂ ਦੇ ਡੈਕੋਰੇਸ਼ਨ ਪੀਸ, ਕਪੜੇ, ਗਹਿਣੇ, ਆਦਿ ਦੀ ਕੋਈ ਸੀਮਾ ਨਹੀਂ। ਵਿਆਹ ਵਿੱਚ ਨੱਕ ਉੱਚਾ ਰੱਖਣ ਲਈ ਕਈ ਔਰਤਾ ਆਪਣੇ ਆਪ ਨੂੰ ਗਹਿਣਿਆਂ ਨਾਲ ਲੱਦ ਲੈਂਦੀਆਂ ਹਨ। ਸਾਨੂੰ ਆਪਣੇ ਆਪ ਨੂੰ ਪੁਛਣਾਂ ਪਵੇਗਾ ਕਿ ਗੁਰੂ ਸਾਹਿਬ ਨੇ ਕਿਹੜਾ ਦਾਜ ਦੇਣ ਲਈ ਕਿਹਾ ਹੈ ? **"ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥"** (੭੮-੭੯) ਅੱਜ ਕੱਲ ਦੇ ਮਾਤਾ ਪਿਤਾ ਲੜਕੇ ਤੇ ਲੜਕੀ ਨੂੰ ਕਿਹੜਾ ਦਾਜ ਦਿੰਦੇ ਹਨ ?

## ਸਮੇਂ ਦੀ ਕਦਰ:

ਪੰਜ ਮਿੰਟ ਕਹਿ ਕੇ ਘੰਟੇ ਬਾਅਦ ਆਉਂਣਾਂ ਦਾ ਆਮ ਹੀ ਹੋ ਗਿਆ ਹੈ। ਗੁਰਦੁਆਰਿਆ ਦੇ ਪ੍ਰੋਗਰਾਮ ਤੇ ਮੀਟਿੰਗਾਂ ਵੀ ਅਕਸਰ ਮਿਥੇ ਹੋਏ ਸਮੇਂ ਤੋਂ ਘੰਟਾ ਦੋ ਘੰਟੇ ਬਾਅਦ ਆਰੰਭ ਹੁੰਦੀਆਂ ਹਨ। ਗੁਰੂ ਸਹਿਬ ਤਾਂ ਕਹਿੰਦੇ ਹਨ। **"ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥"** (੮੩, ੮੪) ਪ੍ਰੰਤੂ ਸਾਨੂੰ ਸਮੇਂ ਦੀ ਕਦਰ ਹੀ ਨਹੀਂ। (ਇੱਕ ਮਿੰਟ ਦੀ ਦੇਰੀ ੧੦੦੦ ਬੰਦੇ ਲਈ ੧੦੦੦ ਮਿੰਟ ਭਾਵ ੧੬ ਘੰਟੇ ਦੀ ਬਰਬਾਦੀ ਹੈ। ਇੱਕ ਆਦਮੀ ਦਾ ੨ ਦਿਨ ਦਾ ਰੁਜ਼ਗਾਰ ਹੈ।) ਜਿਸ ਨੂੰ ਅਸੀਂ ਮਾਮੂਲੀ ਸਮਝਦੇ ਹਾਂ। ਜੇ ਕਰ ਤਰੱਕੀ ਚਾਹੁੰਦੇ ਹਾਂ ਤਾਂ ਸਮੇਂ ਦੀ ਕਦਰ ਕਰਨੀ ਪਵੇਗੀ।

## ਗੁਰਮੁੱਖੀ ਪੜ੍ਹਨੀ:

ਮਾਤਾ ਪਿਤਾ ਬੱਚਿਆਂ ਨੂੰ ਅੰਗਰੇਜ਼ੀ ਤਾਂ ਜਰੂਰ ਪੜ੍ਹਾਉਂਦੇ ਹਨ। ਪਰ ਗੁਰਮੁੱਖੀ ਨਹੀਂ। ਇਹ ਅੰਗਰੇਜ਼ਾਂ ਦੀ ਗੁਲਾਮੀ ਦੀ ਨਿਸ਼ਾਨੀ ਹੈ। ਆਪਸੀ ਸਬੰਧ ਲਈ ਮਾਤਰ ਭਾਸ਼ਾ ਜ਼ਰੂਰੀ ਹੈ। ਬੱਚੇ ਦਾ ਮਾਤਾ ਪਿਤਾ ਨਾਲ ਜੁਆਨੀ ਤੋਂ ਬਾਅਦ ਸਬੰਧ ਤਾਂ ਹੀ ਰਹਿੰਦਾ ਹੈ, ਜੇ ਕਰ ਉਸ ਦਾ ਮਾਤਾ ਪਿਤਾ ਨਾਲ ਧਰਮ ਦਾ ਸਬੰਧ ਵੀ ਹੈ। ਜੇ ਕਰ ਧਰਮ ਦਾ ਸਬੰਧ ਨਹੀਂ ਹੈ ਤਾਂ ਦੁਨਿਆਵੀ ਸਬੰਧ ਵੀ ਜਿਆਦਾ ਦੇਰ ਨਹੀਂ ਟਿਕਦਾ ਹੈ। ਸਿਰਫ ਵਿਖਾਵੇ, ਲਾਲਚ, ਜਾਂ ਸਮਾਜਕ ਮਜਬੂਰੀ ਤੱਕ ਹੀ ਸੀਮਿਤ ਰਹਿ ਜਾਵੇਗਾ। ਇਸ ਲਈ ਜੇ ਕਰ ਸਿੱਖ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਸਬੰਧ ਰੱਖਣਾ ਚਾਹੁੰਦੇ ਹਨ ਤਾਂ ਗੁਰੂ ਗਰੰਥ ਸਾਹਿਬ ਰਾਹੀਂ ਸਬੰਧ ਬਣਾਉਣ ਲਈ ਗੁਰਮੁੱਖੀ ਪੜਨੀ ਤੇ ਪੜਾਉਣੀ ਪਵੇਗੀ।

## ਕਿਥੇ ਜਾਣਾ ਹੈ? ਸਿਨਮੇ ਜਾਂ ਕਲੱਬ ਜਾਂ ਗੁਰਦੁਆਰੇ

ਕਈ ਸਿਨਮੇ ਜਾਂ ਕਲੱਬ ਤਾਂ ਜਰੂਰ ਜਾਂਦੇ ਹਨ। ਪਰ ਗੁਰਦੁਆਰੇ ਨਹੀਂ। ਇਹ ਮਨ ਦੀ ਗੁਲਾਮੀ ਦੀ ਨਿਸ਼ਾਨੀ ਹੈ। ਜਿਸ ਤਰ੍ਹਾਂ ਪਾਣੀ ਨੂੰ ਨਿਵਾਨ ਵੱਲ ਜਾਣ ਲਈ ਕੋਈ ਮਿਹਨਤ ਨਹੀਂ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਮਨ ਨੀਵੇ ਤੇ ਘਟੀਆਂ ਪਾਸੇ ਵੱਲ ਆਪਣੇ ਆਪ ਚਲਾ ਜਾਂਦਾ ਹੈ। ਜੇ ਕਰ ਮਨ ਨੂੰ ਗੁਰੂ ਵਾਲੇ ਪਾਸੇ ਤੋਰਨਾ ਹੈ ਤਾਂ ਉਦਮ ਕਰਨਾ ਪਵੇਗਾ। ਬਾਣੀ ਪੜ੍ਹਨੀ, ਸੁਣਨੀ, ਸਮਝਣੀ ਤੇ ਜੀਵਨ ਵਿੱਚ ਅਪਨਾਉਣੀ ਪਵੇਗੀ। ਅਸੀਂ ਮਨ ਕਰਕੇ ਬੱਝੇ ਹਾਂ। ਮਨ ਪਦਾਰਥ ਵੱਲ ਜਾਂ ਪਰਮਾਤਮਾਂ ਵੱਲ ਲਿਜਾ ਸਕਦਾ ਹੈ। ਮਨ ਜੇ ਕਰ ਪਦਾਰਥ (ਸਰੀਰ) ਵੱਲ ਜਾਂਦਾ ਹੈ ਤਾਂ ਮਨੁੱਖ ਪਦਾਰਥ ਦੇ ਨੇੜੇ ਹੋ ਜਾਂਦਾ ਹੈ ਤੇ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ। ਮਨੁੱਖ ਪਸੂ ਦੀ ਤਰ੍ਹਾਂ ਬਣ ਜਾਂਦਾ ਹੈ। ਮਨ ਜੇ ਕਰ ਆਤਮਾ ਵੱਲ ਜਾਂਦਾ ਹੈ ਤਾਂ ਮਨੁੱਖ ਪ੍ਰਭੂ ਦੇ ਨੇੜੇ ਹੋ ਜਾਂਦਾ ਹੈ ਤੇ ਪਦਾਰਥ ਤੋਂ ਦੂਰ ਹੋ ਜਾਂਦਾ ਹੈ।

## ਵਿਦਿਆ ਦਾ ਹੰਕਾਰ:

ਸਾਡੇ ਦੁੱਖਾਂ ਦਾ ਇੱਕ ਹੋਰ ਕਾਰਣ ਹੈ ਕਿ ਅਸੀਂ ਅਪਣੇ ਆਪ ਨੂੰ ਅਡਵਾਂਸ ਸਮਝਣ ਲਗ ਪਏ ਹਾਂ। ਜਿਸ ਨੇ ਦੁਨਿਆਵੀ ਸਿਖਿਆ ਲੈ ਲਈ ਹੈ, ਉਹ ਗੁਰੂ ਦੀ ਜਰੂਰਤ ਨਹੀਂ ਸਮਝਦਾ ਹੈ। ਇਹ ਹਉਮੈਂ ਦੀ ਨਿਸ਼ਾਨੀ ਹੈ। ਪੜ੍ਹਾਈ ਨਾਲ ਪਦਾਰਥ ਦੀ ਸਿਖਿਆ ਮਿਲਦੀ ਹੈ, ਆਤਮਿਕ ਸਿਖਿਆ ਨਹੀਂ। ਕੇਵਲ ਪੜ੍ਹਨ ਨਾਲ ਲੋਭ, ਹੰਕਾਰ ਵਧਦਾ ਹੈ। ਪੜ੍ਹੇ ਲਿਖੇ ਗੁਰੂ ਤੋਂ ਬੇਮੁਖ ਹੋ ਗਏ। ਨਤੀਜਾ ਦੁੱਖ ਕਲੇਸ਼ ਤੇ ਨਰਕ ਵਾਲਾ ਜੀਵਨ। ਜਿਸ ਤਰ੍ਹਾਂ ਸਿਧ ਦੁਨੀਆਂ ਛੱਡ ਕੇ ਪਰਬਤਾਂ ਤੇ ਚਲੇ ਗਏ। ਉਸੇ ਤਰ੍ਹਾਂ ਪੜ੍ਹੇ ਲਿਖੇ ਗੁਰੂ ਨਾਲ ਜੁੜਨ ਦੀ ਬਜਾਏ ਅਪਣੇ ਹੰਕਾਰ ਵਿੱਚ ਡੁੱਬ ਗਏ। ਸਿੱਖਾਂ ਨੂੰ ਸਿਧੇ ਰਸਤੇ ਤੇ ਕੌਣ ਲਾਵੇ ? ਹੁਣ ਸਿੱਖਾਂ ਦੀ ਵਾਗਡੋਰ ਅਨਪੜ੍ਹਾਂ ਦੇ ਹੱਥ ਵਿੱਚ ਹੈ। ਜੋ ਕਿ ਸਿਰਫ ਸ਼ਬਦ ਗੁਰੂ ਨਾਲੋਂ ਤੋੜ ਕੇ ਆਪਣੇ ਨਾਲ ਜੋੜਨ ਵਿੱਚ ਲੱਗੇ ਹੋਏ ਹਨ। ਇਸ ਲਈ ਉਹ ਕਰਮ ਕਾਂਢਾਂ ਦਾ ਸਹਾਰਾ ਲੈਂਦੇ ਹਨ।

"ਅੱਜਕਲ ਦੇ ਪ੍ਰੋਫੈਸਰ, ਰਾਤੀਂ ਏ.ਸੀ. ਤੋਂ ਬਿਨਾ ਸੌ ਨਹੀਂ ਸਕਦੇ ਹਨ। ਸਵੇਰੇ ਗੀਜ਼ਰ ਦੇ ਪਾਣੀ ਤੋਂ ਬਿਨਾ ਨਹਾ ਨਹੀਂ ਸਕਦੇ ਹਨ। "(ਇੱਕ ਯੁਨੀਵਰਸਟੀ ਦੇ ਚੌਕੀਦਾਰ ਦਾ ਕਹਿਣਾ)"

There is total imbalance of life. No tolerance in the body. What is the use of such an education, if one cannot apply in his own life? There are cases, when a person may be B.Sc. or M.Sc. but does not know how to have optimum use of a cooker, fridge, T.V., cooking gas, etc. Person may be a doctor or a biologist, but have got bad habits of eating. (Alcohol, cold drink, tea, coffee, chocolates, too much sugar, no intake of milk or fruits) Implications → Obesity, spoiling of teeth, addiction, deficiency of vitamins and minerals, calcium (loss of bones, joint pains, osteoporosis). The present day health condition of Sikhs is very alarming. There are too many heart and B.P. cases.

ਭਾਰੀ ਖਾਣਾਂ ਖਵਾ ਖਵਾ ਕੇ ਅਸਾਂ ਗਰੰਥੀਆਂ ਤੇ ਰਾਗੀਆਂ ਨੂੰ ਦਿਲ ਤੇ ਬੀ.ਪੀ. ਦੇ ਮਰੀਜ਼ ਬਣਾ ਦਿੱਤਾ ਹੈ। ਜੇ ਕਰ ਗਰੰਥੀ ਤੇ ਰਾਗੀ ਆਪਣੇ ਆਪ ਨੂੰ ਠੀਕ ਨਹੀਂ ਰੱਖ ਸਕਦੇ ਹਨ ਤਾਂ ਉਹ ਸਾਡੇ ਸਰੀਰ ਤੇ ਮਨ ਦਾ ਕੀ ਇਲਾਜ਼ ਕਰਨਗੇ। ਅਸੀਂ ਗੁਰੂ ਸ਼ਬਦ ਨੂੰ ਤਿਆਗ ਕੇ ਵਿਅਕਤੀਗਤ ਪੁਜਾਰੀ ਬਣ ਗਏ ਹਾਂ।

## ਸਦਾਚਾਰਕ

### ਡੀਗਾਂ ਮਾਰਨੀਆਂ:

ਭਾਂਵੇ ਕੋਈ ਦੱਸਵੀਂ ਪਾਸ ਹੀ ਹੋਵੇ ਪਰ ਆਪਣੇ ਆਪ ਨੂੰ ਐਮ: ਏ: ਦੱਸਣ ਦੀ ਕੋਸ਼ਿਸ਼ ਕਰਦਾ ਹੈ। ਆਪਸੀ ਗੱਲ ਬਾਤ ਕਰਨ ਸਮੇਂ ਕਈ ਬਹੁਤ ਡੀਗਾਂ ਮਾਰਦੇ ਹਨ। ਭਾਵੇ ਕਰਨ ਕੁੱਝ ਵੀ ਨਾ ਕਰਨ, ਪਰ ਗੱਲਾਂ ਨਾਲ ਪਹਾੜ ਖੜਾ ਕਰ ਦੇਣਗੇ। ਸਿੱਖ ਨੂੰ ਸੱਚ ਤੇ ਧਰਮ ਹੀ ਬੋਲਣਾ ਚਾਹੀਦਾ ਹੈ, ਝੂਠ ਨਹੀਂ ਬੋਲਣਾ ਚਾਹੀਦਾ ਹੈ। ਜੋ ਰਸਤਾ ਗੁਰੂ ਦੱਸੇ ਉਸ ਰਸਤੇ ਤੇ ਮੁਰੀਦਾਂ ਵਾਂਗ ਤੁਰਨਾ ਚਾਹੀਦਾ ਹੈ। **"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥"** (੪੮੮)

### ਵਿਉਪਾਰ ਵਿੱਚ ਝੂਠ ਬੋਲਣਾ ਤੇ ਧੋਖਾ:

ਬਿਜ਼ਨਸ ਵਿੱਚ ਝੂਠ ਬੋਲਣ ਵਾਲੇ ਅਕਸਰ ਮਿਲਦੇ ਹਨ। ਝੂਠ ਬੋਲ ਕੇ ਵੱਧ ਭਾਅ ਲਾਉਂਦੇ ਹਨ। ਸਿੱਖੀ ਲਿਬਾਸ ਵਿੱਚ ਟੈਕਸੀਆਂ ਦੇ ਮੀਟਰ ਦੀ ਹੇਰਾ ਫੇਰੀ ਕਰਨ ਵਾਲੇ ਵੀ ਕਈ ਵਾਰੀ ਮਿਲ ਜਾਂਦੇ ਹਨ। **"ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥"** (੪੧੭)

### ਕੋਈ ਵਿਰਲਾ ਸਿੱਖ ਹੀ ਸਿੱਖ ਦੀ ਮਦਦ ਕਰਦਾ ਹੈ:

ਨੌਕਰੀਆਂ ਲਈ ਵੀ ਇਕ ਸਿੱਖ ਦੂਸਰੇ ਸਿੱਖ ਦੀ ਮਦਦ ਨਹੀਂ ਕਰਦਾ ਹੈ। ਜੇ ਕਰ ਚੰਗਾਂ ਔਹਦਾ ਮਿਲ ਗਿਆ ਤਾਂ ਹੰਕਾਰ ਕਰਕੇ ਛੋਟਿਆ ਵੱਲ ਵੇਖਦਾ ਵੀ ਨਹੀਂ। ਮੂੰਹ ਪਰੇ ਕਰਕੇ ਨਿਕਲ ਜਾਣਾ ਤਾਂ ਅਕਸਰ ਵੇਖਿਆ ਜਾਂਦਾ ਹੈ। ਕਿਤੇ ਸਹਾਇਤਾ, ਕੰਮ ਜਾਂ ਸਫਾਰਸ਼ ਲਈ ਨਾ ਕਹਿ ਦੇਵੇ।

### ਅਕਿਰਤਘਣ:

ਜੇ ਕਰ ਕੋਈ ਮਦਦ ਕਰ ਦੇਵੇ ਤਾਂ ਮਦਦ ਲੈਣ ਵਾਲਾ ਕਦੀ ਧੰਨਵਾਦ ਨਹੀਂ ਕਰਦਾ ਹੈ। ਜੇ ਕਰ ਲੋੜ ਹੈ ਤਾਂ ਕਈ ਕਈ ਵਾਰੀ ਟੈਲੀਫ਼ੂਨ ਤੇ ਈ.ਮੇਲ ਕਰਨਗੇ। ਲੋੜ ਪੂਰੀ ਹੋ ਗਈ ਤਾਂ ਕੋਈ ਉੱਤਰ ਨਹੀਂ ਕਿ ਚੀਜ਼ ਮਿਲ ਗਈ ਹੈ ਜਾਂ ਕੰਮ ਹੋ ਗਿਆ ਹੈ। ਜੇ ਕਰ ਅਕਿਰਤਘਣ ਬਣਾਗੇ ਤਾਂ ਦੂਸਰਾ ਸਾਡੀ ਸਹਾਇਤਾ ਕਿਥੋਂ ਤੱਕ ਕਰੇਗਾ। ਗੁਰੂ ਸਾਹਿਬ ਨੇ ਤਾਂ ਸਿੱਖ ਦਾ ਸੁਭਾਅ ਤੇ ਆਚਾਰ ਬਦਲਿਆ ਸੀ: **"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"** (੬੨) ਅਸੀਂ ਸੱਚਾ ਆਚਾਰ ਗਵਾ ਲਿਆ। ਫਿਰ ਉਹੋ ਜਿਹੇ ਬਣ ਗਏ ਹਾਂ ਜੋ ੫੦੦ ਸਾਲ ਪਹਿਲਾ ਸੀ। ਗੁਰੂ ਸਾਹਿਬਾਂ ਨੇ ਤਾਂ ੨੩੯ ਸਾਲ ਲਗਾ ਕੇ ਸਾਨੂੰ ਸੁਧਾਰਿਆ ਹੈ ਤੇ ਪੂਰਣ ਗੁਰਸਿੱਖ ਬਣਾਇਆ ਹੈ। ਤਾਂ ਹੀ ਅਸੀਂ ਖ਼ਾਲਸੇ ਦੇ ਰੂਪ ਤੱਕ ਪਹੁੱਚ ਸਕੇ। ਪਰੰਤੂ ਸਵਾਰਥ ਕਾਮ ਕ੍ਰੋਧ ਲੋਭ ਮੋਹ ਹੰਕਾਰ ਸਾਡੇ ਤੇ ਭਾਰੂ ਹੋ ਗਿਆ। ਗੁਰੂ ਸਾਹਿਬ ਜੀ ਦੀ ਚਿਤਾਵਨੀ ਭੁਲ ਗਏ। **"ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥"**

# ਪਰਿਵਾਰਕ

ਮਨੁੱਖ ਦਾ ਅਸਲੀ ਮਾਤਾ ਪਿਤਾ ਪਰਮਾਤਮਾ ਹੀ ਹੈ। ਜਿਸ ਕੋਲੋ ਸੁੱਖ ਪ੍ਰਾਪਤ ਹੁੰਦੇ ਹਨ। "**ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥** (੨੫੦)" ਜੇ ਕਰ ਮਾਤਾ ਪਿਤਾ, ਗੁਰੂ ਦਾ ਕਹਿੰਣਾ ਨਹੀਂ ਮੰਨਦੇ ਹਨ ਤਾਂ ਉਨ੍ਹਾਂ ਦੇ ਪੁੱਤਰ ਕਿਉ ਮੰਨਣਗੇ। ਜੇ ਕਰ ਚਾਹੁੰਦੇ ਹੋ, ਕਿ ਤੁਹਾਡੇ ਪੁੱਤਰ ਕਹਿੰਣਾ ਮੰਨਣ ਤਾਂ ਫਿਰ ਗੁਰੂ ਦਾ ਕਹਿੰਣਾ ਮੰਨਣਾਂ ਸ਼ੁਰੂ ਕਰ ਦਿਉ। ਸਾਡਾ ਰਿਸ਼ਤਾ ਆਪਸ ਵਿੱਚ ਕੁਝ ਵੀ ਨਹੀਂ ਹੈ। ਇਹ ਸੰਜੋਗ ਹੀ ਹਨ ਜਿਸ ਕਰਕੇ ਅਸੀਂ ਆਪਸ ਵਿੱਚ ਸਬੰਧੀ ਜਾਂ ਰਿਸ਼ਤੇਦਾਰ ਬਣੇ ਹਾਂ। ਆਪਣੇ ਆਪਣੇ ਰਸਤੇ ਤੋਂ ਆਏ ਹਾਂ ਤੇ ਚਲੇ ਜਾਣਾ ਹੈ। ਇਹ ਇਕ ਗੱਡੀ ਦੇ ਸਫ਼ਰ ਦੀ ਤਰ੍ਹਾਂ ਹੈ। ਜਿਸ ਦਾ ਸਟੇਸ਼ਨ ਆ ਗਿਆ ਉਸ ਨੇ ਉੱਤਰ ਜਾਣਾ ਹੈ।

ਮਾਤਾ ਪਿਤਾ ਇਸ ਕਰਕੇ ਕਿਸੇ ਦੀ ਗੱਲ ਨਹੀਂ ਸੁਣਦੇ ਹਨ, ਕਿਉਕਿ ਉਨ੍ਹਾਂ ਦੇ ਹਉਮੈ ਨੂੰ ਚੋਟ ਲੱਗਦੀ ਹੈ। ਸਮਾਜ ਵਿੱਚ ਸਵੈ ਇੱਜਤ ਦਾ ਫਿਕਰ ਬਹੁਤ ਜਿਆਦਾ ਹੈ। ਇਸ ਲਈ ਜੇ ਕੋਈ ਗਲਤੀ ਕਰਦਾ ਵੀ ਹੈ ਤਾਂ ਦੂਸਰਾ ਦੱਸਦਾ ਨਹੀਂ ਕਿ ਕਿਤੇ ਬੁਰਾ ਨਾ ਮੰਨ ਲਏ। ਇਹੀ ਕਾਰਣ ਹੈ ਕਿ ਵੱਡਿਆਂ ਦਾ ਸੁਧਾਰ ਰੁਕ ਜਾਂਦਾ ਹੈ। ਸਿਰਫ ਗੁਰੂ ਦੀ ਗੱਲ ਸੁਣਨ ਦੀ ਆਦਤ ਪਾ ਕੇ ਵੱਡੇ ਆਪਣੇ ਆਪ ਨੂੰ ਸੁਧਾਰ ਸਕਦੇ ਹਨ। ਬੱਚਿਆਂ ਅੰਦਰ ਹਉਮੈ ਘੱਟ ਹੁੰਦਾਂ ਹੈ ਇਸ ਲਈ ਦੂਸਰਿਆਂ ਦੀ ਗੱਲ ਸੁਣ ਲੈਂਦੇ ਹਨ। ਸਵੈ ਇੱਜਤ ਦਾ ਘੱਟ ਫਿਕਰ ਹੁੰਦਾਂ ਹੈ, ਇਸ ਲਈ ਜੇ ਕੋਈ ਗਲਤੀ ਵੀ ਕਰਦਾ ਹੈ ਤਾਂ ਦੂਸਰਾ ਦੱਸ ਦਿੰਦਾਂ ਹੈ, ਜਿਸ ਨਾਲ ਸੁਧਾਰ ਹੋ ਜਾਂਦਾ ਹੈ। ਬੱਚੇ ਆਪਣੇ ਮਾਤਾ ਪਿਤਾ ਅਤੇ ਗੁਰੂ ਦੀ ਗੱਲ ਸੁਣਨ ਦੀ ਆਦਤ ਪਾ ਕੇ ਆਪਣੇ ਆਪ ਨੂੰ ਸੁਧਾਰ ਸਕਦੇ ਹਨ।

# ਆਰਥਕ

## ਤ੍ਰਿਸ਼ਨਾ ਤੇ ਲਾਲਚ:

ਅੱਜਕਲ ਪਰਿਵਾਰਾ ਵਿੱਚ ਅਸ਼ਾਂਤੀ ਤਾਂ ਆਮ ਹੀ ਹੋ ਗਈ ਹੈ। ਅਕਸਰ ਪਰਿਵਾਰਾਂ ਵਿੱਚ ਲੜਾਈ ਝਗੜੇ ਹੁੰਦੇ ਰਹਿੰਦੇ ਹਨ। ਜਿਸ ਰਫ਼ਤਾਰ ਨਾਲ ਵਿਆਹਾਂ ਵਿੱਚ ਫਾਲਤੂ ਖਰਚੇ ਵਧ ਰਹੇ ਹਨ। ਉਸੇ ਤੇਜ਼ੀ ਨਾਲ ਤਲਾਕਾਂ ਦੀ ਗਿਣਤੀ ਵਧ ਰਹੀ ਹੈ। ਦਾਜ ਦੇ ਵਿਖਾਵੇ ਤੇ ਝਗੜੇ ਵਧ ਗਏ ਹਨ। ਲੈਂਣ ਦੇਣ ਕਰਕੇ ਆਪਸੀ ਅਣਬਣ ਅਕਸਰ ਹੁੰਦੀ ਰਹਿੰਦੀ ਹੈ। ਤੇਰੇ ਪੇਕਿਆਂ ਨੇ ਕੀ ਦਿੱਤਾ, ਮੇਰੇ ਪੇਕਿਆਂ ਨੇ ਕੀ ਦਿੱਤਾ, ਤੂੰ ਤੂੰ, ਮੈਂ ਮੈਂ, ਦਾ ਕਾਰਣ ਬਣ ਗਏ ਹਨ।। ਇਨ੍ਹਾਂ ਸੱਭ ਦਾ ਕਾਰਣ ਲਾਲਚੀ ਸੁਭਾ ਹੈ। ਤ੍ਰਿਸ਼ਨਾ ਦੀ ਪੂਰਤੀ ਕਦੀ ਨਹੀਂ ਹੋ ਸਕਦੀ ਹੈ। "**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥** (੧)" ਪਤੀ ਨਾਲ ਪਿਆਰ ਘੱਟ ਪਤੀ ਦੀ ਦੌਲਤ ਨਾਲ ਜਿਆਦਾ। ਪਤਨੀ ਨਾਲ ਪਿਆਰ ਘੱਟ ਪਤਨੀ ਦੇ ਦਾਜ ਨਾਲ ਜਿਆਦਾ। ਜੇ ਕਰ ਡੀਮਾਂਡ ਪੂਰੀ ਤਾਂ ਖੁਸ਼ ਨਹੀਂ ਤਾਂ ਕਲੇਸ਼। ਘਰਾਂ ਵਿੱਚ ਜੋ ਚੀਜ਼ਾਂ ਖਰੀਦੀਆਂ ਜਾਂਦੀਆਂ ਹਨ ਅਕਸਰ ਉਨ੍ਹਾਂ ਦੀ ਜ਼ਰੂਰਤ ਨਹੀਂ ਹੁੰਦੀ।

**Too many demads → More resources required → More efforts & Time required on job → Unfair means → Cheating and bribes → Breaking of social system → Unhappiness in the country → Sin & Crime → The net effects comes back to us one day.**

ਪਾਪ ਦੀ ਕਮਾਈ ਘਰ ਵਿੱਚ ਅਸ਼ਾਤੀ, ਦੁੱਖ ਕਲੇਸ਼ ਦਾ ਕਾਰਣ ਬਣਦੀ ਹੈ। ਮੁਸ਼ਕਲਾਂ ਹੱਲ ਕਰਨ ਦੇ ਹੇਠ ਲਿਖੇ ਕੁਝ ਤਰੀਕੇ ਅਪਨਾਏ ਜਾ ਸਕਦੇ ਹਨ।

- **ਵੰਡ ਛਕਣਾਂ ("ਘਾਲਿ ਖਾਇ ਕਿਛੁ ਹਥਹੁ ਦੇਇ ॥")** (੧੨੪੫)
- **ਆਪਣੇ ਅੰਦਰ ਗੁਣ ਲੱਭੋ ਅਤੇ ਉਨ੍ਹਾਂ ਵਿਚ ਵਾਧਾ ਕਰੋ।**
- **ਉਹੀ ਕੰਮ ਕਰੋ ਜਿਹੜਾ ਠੀਕ ਤਰ੍ਹਾਂ ਕਰ ਸਕਦੇ ਹੋ।**
- **ਚੰਗੇ ਮਿਤੱਰ ਬਣਾਓ, ਚੰਗੀਆਂ ਪੁਸਤਕਾਂ ਪੜ੍ਹੋ ਤੇ ਗਿਆਨ ਵਿਚ ਵਾਧਾ ਕਰੋ।**
- **ਧੰਨਵਾਦ ਕਰਨ ਦੀ ਆਦਤ ਪਾਉ ਤੇ ਗਲਤੀ ਮੰਨਣੀ ਸਿੱਖੋ।**
- **ਸਮੇਂ ਦੀ ਸੰਭਾਲ ਕਰੋ।**
- **ਸਮੇਂ ਦੀ ਘਾਟ ਜਾਂ ਹੋਰ ਕਾਰਨਾ ਕਰਕੇ ਕਿਸੇ ਦਾ ਕੰਮ ਨਹੀਂ ਕਰ ਸਕਦੇ ਹੋ ਤਾਂ ਨਾਂਹ ਕਰਨੀ ਸਿੱਖੋ।**

- **ਜੇ ਕਰ ਕੋਈ ਗੁਰੂ ਦੀ ਮਤ ਦੇਵੇ ਤਾਂ ਬੁਰਾ ਨਹੀਂ ਮੰਨਣਾ।, ਕਿਸੇ ਦਾ ਬੁਰਾ ਨਹੀਂ ਕਰਨਾ। ਗੁੱਸਾ ਨਹੀਂ ਕਰਨਾ।**
- **ਪਰੇਸ਼ਾਨੀ ਸਮੇਂ ਇਕੱਲੇ ਨਾ ਬੈਠੋ। ਗੁਰਬਾਣੀ ਜਾਂ ਗੁਰਮੁਖਾਂ ਨਾਲ ਸਤਿਸੰਗਤ ਕਰੋ।**

ਸੱਭ ਤੋਂ ਉੱਤਮ ਤਰੀਕਾ ਹੈ, ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾਓ ਜੀ। **"ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥"** (੭੫੯) ਸਾਡੀਆਂ ਸਾਰੀਆਂ ਸਮਸਿਆਂਵਾਂ ਦਾ ਹੱਲ ਗੁਰਬਾਣੀ ਵਿੱਚ ਮਾਜੂਦ ਹੈ। ਲੋੜ ਹੈ ਇਸ ਨੂੰ ਖੋਜਣ ਦੀ। ਹੇਠ ਲਿਖੀਆਂ ਪੰਗਤੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ।

ਸਿਰੀਰਾਗੁ ਮਹਲਾ ੫ ॥ **ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥ ਸਾਹਿਬੁ ਨਿਤਾਣਿਆ ਕਾ ਤਾਣੁ ॥ ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧ ॥ ਰਹਾਉ ॥** (੭੦)

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

( ਡਾ: ਸਰਬਜੀਤ ਸਿੰਘ )
ਆਰ ਐਚ ੧ / ਈ - ੮, ਸੈਕਟਰ - ੮,
ਵਾਸ਼ੀ, ਨਵੀਂ ਮੁੰਬਈ - ੪੦੦੭੦੩.

( Dr. Sarbjit Singh )
RH1 / E-8, Sector-8,
Vashi, Navi Mumbai - 400703.
Email = sarbjitsingh@yahoo.com
Web = http://www.geocities.com/sarbjitsingh/

Published in Internet Magazine = www.sikhmarg.com
http://www.sikhmarg.com/2006/0402-samasiya-upaa.html